# ਖਾਣਿਆਂ ਦੀ ਸਰਵਿਸ ਲਈ ਚੀਜ਼ਾਂ




SINGLE-USE & PLASTIC WASTE PREVENTION REGULATION

gov.bc.ca/reuse

**ਖਾਣਿਆਂ ਦੀ ਸਰਵਿਸ ਲਈ ਚੀਜ਼ਾਂ ਵਜੋਂ ਕੀ ਗਿਣਿਆ ਜਾਂਦਾ ਹੈ?**
ਇਕ ਵਾਰੀ ਵਰਤਣ ਵਾਲੀਆਂ ਚੀਜ਼ਾਂ ਜੋ ਗਾਹਕਾਂ ਨੂੰ ਅਕਸਰ ਤਿਆਰ ਕੀਤੇ ਗਏ ਖਾਣਿਆਂ ਅਤੇ ਪੀਣ ਵਾਲੀਆਂ ਚੀਜ਼ਾਂ ਨਾਲ ਦਿੱਤੀਆਂ ਜਾਂਦੀਆਂ ਹਨ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

20 ਦਸੰਬਰ, 2023 ਤੋਂ, ਬੀ.ਸੀ. ਵਿਚ ਖਾਣਿਆਂ ਦੀ ਸਰਵਿਸ ਦੇਣ ਵਾਲੇ ਹੁਣ ਪਲਾਸਟਿਕ ਦੀਆਂ ਇਕ ਵਾਰੀ ਵਰਤੀਆਂ ਜਾਣ ਵਾਲੀਆਂ (ਇਕ ਵਾਰੀ ਵਰਤ ਕੇ ਸੁੱਟਣਯੋਗ) ਚੀਜ਼ਾਂ ਨਹੀਂ ਦੇ ਸਕਦੇ।

**ਮਨ੍ਹਾ**



ਖਾਣਿਆਂ ਦੀ ਸਰਵਿਸ ਦੇਣ ਵਾਲੇ ਇਕ ਵਾਰੀ ਵਰਤ ਕੇ ਸੁੱਟਣਯੋਗ ਹੋਰ ਚੀਜ਼ਾਂ ਸਿਰਫ ਮੰਗਣ ’ਤੇ ਅਤੇ ਸੈਲਫ-ਸਰਵ ਸਟੇਸ਼ਨਾਂ ’ਤੇ ਹੀ ਦੇ ਸਕਦੇ ਹਨ।

**ਮੰਗਣ ’ਤੇ ਉਪਲਬਧ**



## ਤੁਹਾਨੂੰ ਕੀ ਕਰਨ ਦੀ ਲੋੜ ਹੈ

### 1. ਪਲਾਸਟਿਕ ਦੀਆਂ ਚੀਜ਼ਾਂ ਵਰਤਣੀਆਂ ਬੰਦ ਕਰੋ

ਗਾਹਕਾਂ ਨੂੰ ਇਕ ਵਾਰੀ ਵਰਤੇ ਜਾਣ ਵਾਲੇ ਪਲਾਸਟਿਕ ਦੇ ਚਾਕੂ, ਕਾਂਟੇ, ਚਮਚੇ, ਚੌਪਸਟਿਕਸ, ਹਿਲਾਉਣ ਲਈ ਤੀਲਾਂ ਜਾਂ ਸਪਲੈਸ਼ ਪਲੱਗ ਨਾ ਦਿਉ – ਜਿਨ੍ਹਾਂ ਵਿਚ ਕੁਝ ਹਿੱਸਾ ਪਲਾਸਟਿਕ ਤੋਂ ਬਣੇ ਅਤੇ ਕੰਪੋਸਟੇਬਲ, ਬਾਇਓਡੀਗਰੇਡੇਬਲ ਜਾਂ ਔਕਸੋ-ਡੀਗਰੇਡੇਬਲ ਪਲਾਸਟਿਕ ਨਾਲ ਬਣੇ ਵੀ ਸ਼ਾਮਲ ਹਨ।

### 2. ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਪੈਕਟ ਦੇਣਾ ਬੰਦ ਕਰੋ

ਗਾਹਕਾਂ ਨੂੰ ਬੰਡਲ ਵਾਲੀਆਂ ਵਰਤ ਕੇ ਸੁੱਟੀਆਂ ਜਾਣ ਵਾਲੀਆਂ ਚੀਜ਼ਾਂ ਨਾ ਦਿਉ, ਜਿਵੇਂ ਕਿ ਨੈਪਕਿਨ ਨਾਲ ਪੈਕ ਕੀਤੇ ਹੋਏ ਕਾਂਟੇ ਅਤੇ ਚਾਕੂ ਜਾਂ ਚੌਪਸਟਿਕਸ।

### 3. ਇਕ ਵਾਰੀ ਵਰਤੀਆਂ ਜਾਣ ਵਾਲੀਆਂ ਹੋਰ ਚੀਜ਼ਾਂ ਸਿਰਫ ਮੰਗਣ ’ਤੇ ਹੀ ਦਿਉ

ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਆਪਣੇ ਆਪ ਹੀ ਨਾ ਦੇ ਦਿਉ। ਇਹ ਚੀਜ਼ਾਂ ਸਿਰਫ ਉਦੋਂ ਦੇਣੀਆਂ ਹਨ ਜਦੋਂ ਗਾਹਕ ਇਨ੍ਹਾਂ ਦੀ ਮੰਗ ਕਰਦਾ ਹੈ, ਸੈਲਫ-ਸਰਵ ਸਟੇਸ਼ਨ ਤੋਂ ਲੈਂਦਾ ਹੈ, ਜਾਂ ਸਟਾਫ ਵਲੋਂ ਪੇਸ਼ ਕੀਤੇ ਜਾਣ ’ਤੇ ਜਾਂ ਔਨਲਾਈਨ ਆਰਡਰ ਫਾਰਮ ਰਾਹੀਂ ਪ੍ਰਵਾਨ ਕਰਦਾ ਹੈ।

### 4. ਰਿਕਾਰਡ ਰੱਖੋ

ਜੇ ਤੁਸੀਂ ਔਨਲਾਈਨ ਫੂਡ-ਡਲਿਵਰੀ ਪਲੇਟਫਾਰਮ ਚਲਾਉਂਦੇ ਹੋ ਅਤੇ ਖਾਣਿਆਂ ਦੀ ਇਕ ਨਾਲੋਂ ਜ਼ਿਆਦਾ ਸਰਵਿਸ ਦੇਣ ਵਾਲਿਆਂ ਲਈ ਆਰਡਰ ਲੈਂਦੇ ਹੋ ਤਾਂ ਤੁਹਾਨੂੰ ਉਨ੍ਹਾਂ ਡਲਿਵਰੀਆਂ ਦੀ ਪ੍ਰਤੀਸ਼ਤ ਦਾ ਰਿਕਾਰਡ ਰੱਖਣ ਦੀ ਲੋੜ ਹੈ ਜਿਨ੍ਹਾਂ ਨੇ ਖਾਣਿਆਂ ਦੀ ਸਰਵਿਸ ਦੀਆਂ ਚੀਜ਼ਾਂ ਮੰਗੀਆਂ ਹਨ ਜਾਂ ਪ੍ਰਵਾਨ ਕੀਤੀਆਂ ਹਨ। ਰਿਕਾਰਡ ਦੋ ਕਲੰਡਰ ਸਾਲਾਂ ਲਈ ਰੱਖਣੇ ਜ਼ਰੂਰੀ ਹਨ।

# ਇਕ ਵਾਰੀ ਵਰਤੀਆਂ ਜਾਣ ਵਾਲੀਆਂ ਕਿਹੜੀਆਂ ਚੀਜ਼ਾਂ ਮੰਗਣ ’ਤੇ ਦਿੱਤੀਆਂ ਜਾ ਸਕਦੀਆਂ ਹਨ?

**ਮੰਗਣ ’ਤੇ ਉਪਲਬਧ**



ਲੱਕੜੀ ਦੇ ਕਾਂਟੇ-ਛੁਰੀਆਂ



ਮਸਾਲੇ (ਕੌਂਡੀਮੈਂਟਸ)



ਪੀਣ ਵਾਲੀਆਂ ਚੀਜ਼ਾਂ ਦੇ ਕੱਪਾਂ ਦੇ ਢੱਕਣ ਅਤੇ ਸਲੀਵਜ਼



ਨੈਪਕਿਨਜ਼ ਅਤੇ ਗਿੱਲੇ ਪੂੰਝੇ



ਸਟਰਾਅ



ਸਜਾਵਟੀ ਸਮਾਨ (ਜਿਵੇਂ ਪਲਾਸਟਿਕ ਸੁਸ਼ੀ ਗਰਾਸ, ਡ੍ਰਿੰਕ-ਛਤਰੀਆਂ)

## ਨਿਯਮਾਂ ਅਧੀਨ ਇਨ੍ਹਾਂ ਚੀਜ਼ਾਂ ਨੂੰ **ਕੁਝ ਹਾਲਤਾਂ** ਵਿਚ ਛੋਟ ਹੈ

**ਛੋਟਾਂ**



ਪੀਣ ਵਾਲੀਆਂ ਉਨ੍ਹਾਂ ਡ੍ਰਿੰਕਾਂ ਲਈ ਢੱਕਣ ਜਿਹੜੀਆਂ ਡਰਾਈਵ-ਥਰੂ ਵਿੰਡੋ ’ਤੇ ਜਾਂ ਡਲਿਵਰੀ ਜਾਂ ਪਿੱਕ-ਅੱਪ ਲਈ ਖਰੀਦੀਆਂ ਗਈਆਂ ਹਨ।



ਸੰਭਾਲ ਕਰਨ ਵਾਲੀਆਂ ਥਾਂਵਾਂ ਅਤੇ ਕਰੈਕਸ਼ਨਲ ਫੈਸੀਲਿਟੀਆਂ ਵਿਚ ਵਰਤੋਂ ਲਈ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ (ਇਕੱਲੀਆਂ ਜਾਂ ਬੰਡਲ ਵਿਚ)

## ਇਹ ਤੱਥ ਸ਼ੀਟ, ਨਿਯਮ ਦੀ ਪਾਲਣਾ ਕਰਨ ਵਿਚ ਬੀ.ਸੀ. ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਇਕ ਟੂਲਕਿੱਟ ਦਾ ਹਿੱਸਾ ਹੈ।

**ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕਾਂ ਦੇ ਬਦਲ ਲੱਭ ਰਹੇ ਹੋ?** ਬਦਲਾਂ ਲਈ ਸਾਡੀ ਸੌਖੀ ਗਾਈਡ, ਅਤੇ ਇਸ ਦੇ ਨਾਲ ਨਾਲ ਬੰਦਸ਼ਾਂ ਵਾਲੀਆਂ ਹੋਰ ਚੀਜ਼ਾਂ ਬਾਰੇ ਤੱਥ ਸ਼ੀਟਾਂ ਅਤੇ ਹੋਰ ਛਪਣਯੋਗ ਟੂਲਜ਼ ਲਉ – ਜਿਨ੍ਹਾਂ ਵਿਚ ਉਹ ਪੋਸਟਰ ਅਤੇ ਸਾਈਨ ਵੀ ਸ਼ਾਮਲ ਹਨ ਜਿਹੜੇ ਤੁਸੀਂ ਆਪਣੇ ਸਟਾਫ ਅਤੇ ਗਾਹਕਾਂ ਨੂੰ ਜਾਣਕਾਰੀ ਦੇਣ ਲਈ ਵਰਤ ਸਕਦੇ ਹੋ – **gov.bc.ca/reuse** ’ਤੇ।



*ਇਕ ਵਾਰੀ ਵਰਤਣ ਵਾਲੀਆਂ ਚੀਜ਼ਾਂ ਅਤੇ ਪਲਾਸਟਿਕ ਦੇ ਗਾਰਬੇਜ ਤੋਂ ਰੋਕਥਾਮ ਲਈ ਨਿਯਮ ਰਾਹੀਂ, ਬੀ.ਸੀ. ਬਹੁਤ ਸਾਰੀਆਂ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਰੀਸਾਇਕਲ ਕਰਨ ਲਈ ਔਖੀਆਂ ਚੀਜ਼ਾਂ ਨੂੰ ਹੌਲੀ ਹੌਲੀ ਘਟਾ ਰਿਹਾ ਹੈ – ਗਾਰਬੇਜ ਘਟਾਉਂਦੇ ਹੋਏ, ਸਾਡੇ ਵਾਤਾਵਰਣ ਦੀ ਰਖਵਾਲੀ ਕਰਦੇ ਹੋਏ, ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਲਈ ਇਕ ਸਾਫ਼-ਸੁਥਰਾ ਭਵਿੱਖ ਬਣਾਉਂਦੇ ਹੋਏ।*

BRITISH COLUMBIA | Ministry of Environment and Climate Change Strategy